# ਖ਼ਾਲਸਾ ਅਕਾਲ ਪੁਰਖ ਕੀ ਫੌਜ ॥ ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ ॥

## ਸਿੱਖੀ ਦਾ ਆਰੰਭ = ੧੪ ਅਪਰੈਲ ੧੪੬੯

## ਪੂਰਣਤਾ (ਖ਼ਾਲਸਾ ਪੰਥ) = ੧੪ ਅਪਰੈਲ ੧੬੯੯

Principle (ਸਿਧਾਂਤ) = **ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ** ॥੧॥

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੇ ਹੁਕਮ ਅਨੁਸਾਰ ਗੁਰਗੱਦੀ ਜੁਗੋ ਜੁਗ ਅਟੱਲ ਗੁਰੂ ਗਰੰਥ ਸਾਹਿਬ ਨੂੰ ਦੇ ਦਿਤੀ

ਦੋਹਰਾ: **ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ॥ ਸਬ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ॥ ਗੁਰੂ ਗ੍ਰੰਥ ਕੋ ਮਾਨੀਓ ਪ੍ਰਗਟ ਗੁਰਾ ਕੀ ਦੇਹ॥ ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸਬਦ ਮੈਂ ਲੇਹ॥**

ਖ਼ਾਲਸੇ ਨੂੰ ਗੁਰੂ ਪਦਵੀ ਦਾ ਪ੍ਰਮਾਣ ਚੰਮਕੌਰ ਦੀ ਗੜ੍ਹੀ ਵਿੱਚ ਦੇ ਦਿਤਾ

**"ਆਤਮਾ ਗਰੰਥ ਵਿਚ ਤੇ ਸਰੀਰ ਪੰਥ ਵਿਚ"**

ਗੁਰ ਮਰਿਯਾਦਾ ਅਤੇ ਪੰਥਕ ਮਰਿਯਾਦਾ ਕਾਇਮ ਕੀਤੀ

**"ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ ਤੇ ਦੀਦਾਰ ਖਾਲਸੇ ਕਾ"**

**ਹਰੇਕ ਸਿੱਖ ਦੇ ਨਾਮ ਦੇ ਨਾਲ ਸਿੰਘ (ਸ਼ੇਰ) ਤੇ**
**ਇਸਤਰੀ ਦੇ ਨਾਮ ਦੇ ਨਾਲ ਕੌਰ (ਰਾਜਕੁਮਾਰੀ) ਜਰੂਰੀ ਕਰ ਦਿਤਾ**

ਫ਼ਤਹਿ

**"ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ॥"**

ਵਾਹਿਗੁਰੂ = ਵਾਹਿ + ਗੁਰੂ = ਗੁਰੂ (ਗੁਰਬਾਣੀ) ਦੁਆਰਾ ਅਕਾਲ ਪੁਰਖੁ ਦੀ ਉਸਤਤ

ਸਿੱਖ ਵਾਸਤੇ ਫ਼ਤਿਹ ਬੁਲਾਉਣੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਹੁਕਮ ਹੈ, ਇਸ ਲਈ ਸਾਨੂੰ ਆਪਸ ਵਿੱਚ ਮਿਲਦੇ ਸਮੇਂ ਫ਼ਤਿਹ ਹੀ ਬੁਲਾਉਣੀ ਚਾਹੀਦੀ ਹੈ, ਫ਼ਤਿਹ ਬੁਲਾਉਣ ਸਮੇ 'ਸ੍ਰੀ' ਨਾਲ ਨਹੀਂ ਬੁਲਾਉਣਾ ਹੈ

ਜੈਕਾਰਾ

**ਬੋਲੇ ਸੋ ਨਿਹਾਲ। ਸਤਿ ਸ੍ਰੀ ਅਕਾਲ।**

ਇਹ ਸਿੰਘਾਂ ਦਾ ਜੈਕਾਰਾ ਹੈ, ਅਰਦਾਸ ਪਿੱਛੋਂ ਇਹ ਦੀਵਾਨ ਵਿੱਚ ਬੁਲਾਇਆ ਜਾਂਦਾ ਹੈ, ਜੰਗਾਂ-ਯੁੱਧਾਂ ਵਿੱਚ ਵੀ ਇਹੀ ਜੈਕਾਰਾ ਗਜਾਇਆ ਜਾਂਦਾ ਹੈ

Web = https://sites.google.com/view/sikhism/
http://www.sikhmarg.com/article-dr-sarbjit.html
http://www.geocities.ws/sarbjitsingh

# ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ

## Nanak Vaisakhi Prabh Paave Surat Shabad Manu Mana

## ਖ਼ਾਲਸਾ ਪੰਥ ਦੇ ਸਾਜਨਾ ਦਿਵਸ ਦਾ ਆਨੰਦ ਗੁਰੂ ਦੇ ਸ਼ਬਦ ਵਿਚ ਸੁਰਤਿ ਜੋੜਨ ਨਾਲ ਹੀ ਮਾਣਿਆ ਜਾ ਸਕਦਾ ਹੈ

## Sajna Diwas of Khalsa Panth can only be enjoyed by involving our mindset with the Guru's Shabad

**ਵੈਸਾਖੁ ਭਲਾ ਸਾਚਾ ਵੇਸ ਕਰੇ ॥ ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ ॥ ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੋ ॥ ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ ॥ ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ ॥ ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ** ॥੬॥ (੧੧੦੮)

**ਜਿਸ ਮਨੁੱਖ ਦਾ ਮਨ ਗੁਰੂ ਦੇ ਸ਼ਬਦ ਦੁਆਰਾ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਵਿਚ ਲਗ ਜਾਂਦਾ ਹੈ, ਉਸ ਨੂੰ ਕੁਦਰਤਿ ਦੀ ਸੁੰਦਰਤਾ ਭੀ ਅਕਾਲ ਪੁਰਖੁ ਦੇ ਚਰਨਾਂ ਵਿਚ ਜੋੜਨ ਲਈ ਸਹਾਇਤਾ ਕਰਦੀ ਹੈ।**

**The human being whose mind is engrossed in the praises of Akal Purakh through the Guru's Shabad, is also helped by the beauty of nature to attach with the feet of Akal Purakh.**

ਵੈਸਾਖ ਦਾ ਮਹੀਨਾ ਬਹੁਤ ਚੰਗਾ ਲੱਗਦਾ ਹੈ! ਰੁੱਖਾਂ ਦੀਆਂ ਟਾਹਣੀਆਂ ਸੱਜ ਵਿਆਹੀਆਂ ਮੁਟਿਆਰਾਂ ਵਾਂਗ ਨਰਮ ਨਰਮ ਕੂਲੇ ਕੂਲੇ ਪੱਤਿਆਂ ਦਾ ਹਾਰ ਸਿੰਗਾਰ ਕਰਦੀਆਂ ਹਨ।

ਇਹਨਾਂ ਟਾਹਣੀਆਂ ਦਾ ਹਾਰ ਸਿੰਗਾਰ ਵੇਖ ਕੇ ਪਤੀ ਤੋਂ ਵਿਛੁੜੀ ਨਾਰ ਦੇ ਅੰਦਰ ਭੀ ਪਤੀ ਨੂੰ ਮਿਲਣ ਲਈ ਖਾਹਸ਼ ਪੈਂਦੀ ਹੈ, ਤੇ ਉਹ ਆਪਣੇ ਘਰ ਦੇ ਬੂਹੇ ਵਿਚ ਖਲੋ ਕੇ ਰਾਹ ਤੱਕਦੀ ਹੈ।

ਇਸੇ ਤਰ੍ਹਾਂ ਕੁਦਰਤਿ ਰਾਣੀ ਦਾ ਸੁੰਦਰ ਹਾਰ ਸਿੰਗਾਰ ਵੇਖ ਕੇ ਉਮਾਹ ਭਰੀ ਜੀਵ ਇਸਤ੍ਰੀ ਆਪਣੇ ਹਿਰਦੇ ਦਰ ਤੇ ਅਕਾਲ ਪੁਰਖੁ ਪਤੀ ਦੀ ਉਡੀਕ ਕਰਦੀ ਹੈ ਤੇ ਬੇਨਤੀ ਕਰਦੀ ਹੈ, ਕਿ ਹੇ ਅਕਾਲ ਪੁਰਖੁ ਪਤੀ! ਮੇਰੇ ਤੇ ਮਿਹਰ ਕਰੋ ਤੇ ਮੇਰੇ ਹਿਰਦੇ ਘਰ ਵਿਚ ਆਓ।

ਹੇ ਪਿਆਰੇ! ਮੇਰੇ ਘਰ ਵਿਚ ਆਓ, ਮੈਨੂੰ ਇਸ ਮੁਸ਼ਕਲਾਂ ਨਾਲ ਭਰੇ ਸੰਸਾਰ ਰੂਪੀ ਸਮੁੰਦਰ ਵਿਚੋਂ ਪਾਰ ਲੰਘਾ, ਤੇਰੇ ਤੋਂ ਬਿਨਾ ਮੇਰੀ ਕਦਰ ਅੱਧੀ ਕੌਡੀ ਜਿਤਨੀ ਭੀ ਨਹੀਂ ਹੈ।

ਪਰੰਤੂ, ਜੇਕਰ ਗੁਰੂ ਤੇਰਾ ਦਰਸਨ ਕਰ ਕੇ ਮੈਨੂੰ ਭੀ ਦਰਸਨ ਕਰਾ ਦੇਵੇ, ਤੇ ਜੇ ਮੈਂ ਤੈਨੂੰ ਚੰਗੀ ਲੱਗ ਪਵਾਂ, ਤਾਂ ਫਿਰ ਕੌਣ ਮੇਰਾ ਮੁੱਲ ਪਾ ਸਕਦਾ ਹੈ ?

ਫਿਰ ਤੂੰ ਮੈਨੂੰ ਕਿਤੇ ਦੂਰ ਨਹੀਂ ਜਾਪੇਂਗਾ, ਮੈਨੂੰ ਯਕੀਨ ਹੋਵੇਗਾ ਕਿ ਤੂੰ ਮੇਰੇ ਅੰਦਰ ਵੱਸ ਰਿਹਾ ਹੈਂ, ਉਸ ਟਿਕਾਣੇ ਦੀ ਮੈਨੂੰ ਪਛਾਣ ਹੋ ਜਾਇਗੀ ਜਿਥੇ ਤੂੰ ਵੱਸਦਾ ਹੈਂ।

ਹੇ ਨਾਨਕ! ਵੈਸਾਖ ਵਿਚ ਕੁਦਰਤਿ ਰਾਣੀ ਦਾ ਸੁੰਦਰ ਹਾਰ ਸਿੰਗਾਰ ਵੇਖ ਕੇ, ਜਿਹੜੀ ਜੀਵ ਇਸਤ੍ਰੀ ਆਪਣੀ ਸੁਰਤਿ ਗੁਰੂ ਦੇ ਸ਼ਬਦ ਵਿਚ ਜੋੜੀ ਰੱਖਦੀ ਹੈ, ਜਿਸ ਜੀਵ ਇਸਤ੍ਰੀ ਦਾ ਮਨ ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਵਿਚ ਲਗ ਜਾਂਦਾ ਹੈ, ਉਹ ਜੀਵ ਇਸਤ੍ਰੀ ਅਕਾਲ ਪੁਰਖੁ ਪਤੀ ਦਾ ਮਿਲਾਪ ਹਾਸਲ ਕਰ ਲੈਂਦੀ ਹੈ।

**Web = https://sites.google.com/view/sikhism/**
**http://www.sikhmarg.com/article-dr-sarbjit.html**
**http://www.geocities.ws/sarbjitsingh**